# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਜੀ ਜੀ ਐੱਨ ਖ਼ਾਲਸਾ ਕਾਲਜ ਲੁਧਿਆਣਾ ਵਿਖੇ ਪਰਵਾਸ ਮੈਗਜ਼ੀਨ ਡਾ. ਸ ਪ ਸਿੰਘ, ਗੁਰਭਜਨ ਗਿੱਲ, ਗੁਰਬਚਨ ਸਿੰਘ ਜਗਪਾਲ ਤੇ ਕ ਕ ਬਾਵਾ ਵੱਲੋਂ ਲੋਕ ਅਰਪਨ

### ਸਮਾਗਮ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕੀਤੀ

ਲੁਧਿਆਣਾ: 24 ਜੁਲਾਈ : ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ ਪਰਵਾਸ ਦਾ 48ਵਾਂ ਅੰਕ ਅੱਜ ਪੰਜਾਬੀ ਲੇਖਕ ਗੁਰਬਚਨ ਸਿੰਘ ਜਗਪਾਲ (ਸਿਡਨੀ, ਆਸਟਰੇਲੀਆ) ਪ੍ਰੋ. ਗੁਰਭਜਨ ਸਿੰਘ ਗਿੱਲ, ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ , ਡਾ. ਸ ਪ ਸਿੰਘ, ਸ. ਹਰਸ਼ਰਨ ਸਿੰਘ ਨਰੂਲਾ, ਕ ਕ ਬਾਵਾ ਚੇਅਰਮੈਨ ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਤੇ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਮਲਹੋਤਰਾ ਨੇ ਕੀਤਾ।




ਪ੍ਰੋਗਰਾਮ ਦੇ ਆਰੰਭ ਵਿਚ ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੁਕੇਸ਼ਨਲ ਕੌਂਸਲ ਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਨੇ ਦੱਸਿਆ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੁਨਰ ਪ੍ਰਕਾਸ਼ਿਤ ਇਸ ਪੱਤ੍ਰਿਕਾ ਦਾ 48ਵਾਂ ਅੰਕ ਪਾਠਕਾਂ ਦੇ ਸਨਮੁਖ ਪੇਸ਼ ਕਰਦਿਆਂ ਉਨ੍ਹਾਂ ਨੂੰ ਅਥਾਹ ਖੁਸ਼ੀ ਹੈ। ਉਨ੍ਹਾਂ ਨੇ ਆਸਟ੍ਰੇਲੀਆ ਤੋਂ ਆਏ ਲੇਖਕ ਸ. ਗੁਰਬਚਨ ਸਿੰਘ ਜਗਪਾਲ ਦੇ ਸਿਰਜਣਾ ਸਫ਼ਰ ਬਾਰੇ ਪਾਠਕਾਂ ਨੂੰ ਜਾਣੂ ਕਰਵਾਇਆ।

ਪ੍ਰੋ. ਗੁਰਭਜਨ ਸਿੰਘ ਗਿੱਲ, ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਲੇਖਕ ਗੁਰਬਚਨ ਸਿੰਘ ਜਗਪਾਲ ਲੰਮੇ ਸਮੇਂ ਤੋਂ ਨਿਰੰਤਰ ਪੰਜਾਬੀ ਸਾਹਿਤ ਸਿਰਜਣਾ ਨਾਲ ਜੁੜੇ ਹੋਏ ਹਨ ਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਿਰੰਤਰ ਯਤਨਸ਼ੀਲ ਹਨ। ਉਨ੍ਹਾਂ ਇਸ ਕਾਲਜ ਵਿੱਚ ਆਉਣ ਨੂੰ ਮੁਕੱਦਸ ਜ਼ਿਆਰਤ ਦਾ ਰੁਤਬਾ ਦਿੱਤਾ।

ਗੁਰਬਚਨ ਸਿੰਘ ਜਗਪਾਲ ਨੇ ਆਪਣੇ ਸਾਹਿਤਕ ਤੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਸ੍ਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਨੇ ਆਪਣੀ ਪਹਿਲੀ ਕਹਾਣੀ 'ਇਹ ਕੀ' ਲਿਖੀ। ਇਸ ਤੋਂ ਬਾਅਦ ਉਨ੍ਹਾਂ ਨੇ 'ਬੇਨਾਮ ਲੋਕਾਂ ਦੀਆਂ ਬੇਨਾਮ ਕਹਾਣੀਆਂ' ਪੁਸਤਕ ਦਰਸ਼ਕਾਂ ਦੇ ਰੂ-ਬ-ਰੂ ਕੀਤੀ।

ਕਾਲਜ ਦੇ ਪ੍ਰਿੰਸੀਪਲ ਪ੍ਰੋ. ਰਜਿੰਦਰ ਕੌਰ ਮਲਹੋਤਰਾ ਨੇ ਰਸਮੀ ਤੌਰ 'ਤੇ ਸਭ ਦਾ ਧੰਨਵਾਦ ਕੀਤਾ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ।

ਇਸ ਮੌਕੇ ਸ. ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ, ਗੁਜਰਾਂਵਾਲਾ ਖ਼ਾਲਸਾ ਐਜੁਕੇਸ਼ਨਲ ਕੌਂਸਲ, ਸ. ਹਰਦੀਪ ਸਿੰਘ ਮੈਂਬਰ ਗੁਜਰਾਂਵਾਲਾ ਖ਼ਾਲਸਾ ਐਜੁਕੇਸ਼ਨਲ ਕੌਂਸਲ, ਡਾ. ਗੁਰਇਕਬਾਲ ਸਿੰਘ, ਸ੍ਰੀ ਕ੍ਰਿਸ਼ਨ ਕੁਮਾਰ ਬਾਵਾ ਚੇਅਰਮੈਨ ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ , ਸ਼ਾਇਰ ਤ੍ਰੈਲੋਚਨ ਲੋਚੀ, ਡਾ. ਗੁਰਚਰਨ ਕੌਰ ਕੋਚਰ, ਡਾ. ਦਲੀਪ ਸਿੰਘ, ਪ੍ਰੋ. ਅਮਨਪ੍ਰੀਤ ਕੌਰ, ਪ੍ਰੋ. ਮਨਜੀਤ ਸਿੰਘ, ਪ੍ਰੋ. ਰਿਸ਼ੂ ਜੈਨ, ਪ੍ਰੋ. ਅਨੁਪ੍ਰਿਆ ਜੈਨ, ਡਾ. ਬਲਕਾਰ ਸਿੰਘ, ਡਾ. ਪਰਮਜੀਤ ਸਿੰਘ, ਡਾ. ਹਰਮਨਪ੍ਰੀਤ ਸਿੰਘ ਗਰਚਾ ਤੇ ਸ. ਰਾਜਿੰਦਰ ਸਿੰਘ ਸੰਧੂ ਹਾਜ਼ਰ ਰਹੇ। ਪ੍ਰੋਗਰਾਮ ਦਾ ਸੰਚਾਲਨ ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਕੀਤਾ

## ਧਾਰਮਿਕ ਸਮਾਗਮ 'ਏਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਦੀਆਂ ਤਿਆਰੀਆਂ ਜੋਰਾਂ ਤੇ



ਪਟਿਆਲਾ, 24 ਜੁਲਾਈ : ਪੰਜਾਬ ਸਰਕਾਰ ਵੱਲੋਂ ਭਗਵਾਨ ਸ਼ਿਵ ਜੀ ਦੀ ਮਹਿਮਾ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ 28 ਜੁਲਾਈ ਨੂੰ 'ਏਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਆਤਮਾ ਰਾਮ ਕੁਮਾਰ ਸਭਾ ਗਰਾਊਂਡ, ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਆਮ ਆਦਮੀ ਪਾਰਟੀ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀ ਤੇਜਿੰਦਰ ਮਹਿਤਾ ਅਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਨੁਪ੍ਰਿਤਾ ਜੌਹਲ ਨੇ ਲਿਆ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਮਾਗਮ ਨਾਲ ਸਬੰਧਤ ਪ੍ਰਬੰਧਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਹਰ ਵਿਭਾਗ ਨੂੰ ਆਪਣੀਆਂ ਜ਼ਿੰਮੇਵਾਰੀਆਂ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਦੀਆਂ ਹਦਾਇਤਾਂ ਦਿੱਤੀਆਂ।

ਇਸ ਮੌਕੇ ਤੇਜਿੰਦਰ ਮਹਿਤਾ ਨੇ ਕਿਹਾ ਕਿ ਪੰਜਾਬ ਸਰਕਾਰ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਸਮਾਗਮ ਦੌਰਾਨ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਵੇ, ਇਸ ਲਈ ਹਰ ਲੋੜੀਂਦੀ ਸਹੂਲਤ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸੁਰੱਖਿਆ, ਟ੍ਰੈਫ਼ਿਕ ਪ੍ਰਬੰਧਨ, ਸਫ਼ਾਈ, ਬਿਜਲੀ, ਪੀਣ ਵਾਲੇ ਪਾਣੀ, ਪਾਰਕਿੰਗ ਅਤੇ ਐਮਰਜੈਂਸੀ ਸਿਹਤ ਸੇਵਾਵਾਂ ਦੇ ਪੁਖ਼ਤਾ ਪ੍ਰਬੰਧ ਕਰਨ ਲਈ ਕਿਹਾ।

ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਸਮਾਗਮ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਸਾਰੇ ਵਿਭਾਗਾਂ ਵਿਚਕਾਰ ਆਪਸੀ ਤਾਲਮੇਲ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ, ਆਵਾਜਾਈ ਦੀ ਸੁਚਾਰੂ ਵਿਵਸਥਾ, ਮੈਡੀਕਲ ਟੀਮਾਂ ਦੀ ਤਾਇਨਾਤੀ, ਸਫ਼ਾਈ ਅਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਸਮਾਗਮ ਸ਼ਾਂਤੀਪੂਰਨ ਅਤੇ ਸਫ਼ਲਤਾਪੂਰਵਕ ਸੰਪੰਨ ਹੋ ਸਕੇ।

ਇਸ ਮੌਕੇ ਜੁਆਇੰਟ ਕਮਿਸ਼ਨਰ ਹਰਜੋਤ ਕੌਰ, ਜੁਆਇੰਟ ਕਮਿਸ਼ਨਰ ਨਗਰ ਨਿਗਮ ਮਨਰੀਤ ਰਾਣਾ, ਸਿਵਿਲ ਸਰਜਨ ਸ਼ੈਲੀ ਜੇਟਲੀ , ਐਸ ਪੀ ਪਲਵਿੰਦਰ ਸਿੰਘ ਚੀਮਾ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਪੀ ਏ ਯੂ ਦੇ ਵਿਦਿਆਰਥੀ ਨੂੰ ਵੱਕਾਰੀ ਪੀਐਚ.ਡੀ. ਖੋਜ ਫੈਲੋਸ਼ਿਪ ਪ੍ਰਾਪਤ ਹੋਈ



ਲੁਧਿਆਣਾ 24 ਜੁਲਾਈ : ਪੀ ਏ ਯੂ ਦੇ ਕੀਟ ਵਿਗਿਆਨ ਵਿਭਾਗ ਦੇ ਸਾਬਕਾ ਵਿਦਿਆਰਥੀ, ਸ਼੍ਰੀ ਅਰਸ਼ਪ੍ਰੀਤ ਸਿੰਘ ਨੂੰ ਇੰਟਰਨੈਸ਼ਨਲ ਸੈਂਟਰ ਆਫ਼ ਇਨਸੈਕਟ ਫਿਜ਼ੀਓਲੋਜੀ ਐਂਡ ਈਕੋਲੋਜੀ ਨੈਰੋਬੀ, ਕੀਨੀਆ ਵਿਖੇ ਪੀ ਐਚ ਡੀ ਖੋਜ ਲਈ ਵੱਕਾਰੀ ਅਫਰੀਕੀ ਖੋਜ ਫੈਲੋਸ਼ਿਪ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਕੀਟ ਵਿਗਿਆਨ ਖੋਜ ਸੰਸਥਾ ਹੈ ਅਤੇ ਮੁੱਖ ਖੋਜ ਕੇਂਦਰ ਹੈ ਜਿਸ ਨੇ ਸਥਿਰ ਖੇਤੀਬਾੜੀ, ਜੈਵਿਕ ਅਤੇ ਕੀਟ ਵਿਗਿਆਨ ਵਿੱਚ ਯੋਗਦਾਨ ਲਈ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਹੈ। ਡਾ. ਸ਼ੇਪਾਰਡ ਨਡਲੇਲਾ, ਅਬਦੇਲਮੁਤਲਬ ਅਜ਼ਰਾਗ, ਰੇਹੇਮਾ ਗਵੇਕਿਆਲਿਆ, ਸਮੀਰਾ ਮੁਹੰਮਦ ਦੀ ਨਿਗਰਾਨੀ ਹੇਠ ਅਰਸ਼ਪ੍ਰੀਤ ਸਿੰਘ ਆਪਣੀ ਖੋਜ ਕਰਨਗੇ। ਉਸਦੀ ਖੋਜ ਹਮਲਾਵਰ ਕੀਟ ਦੇ ਕੁਦਰਤੀ ਦੁਸ਼ਮਣਾਂ ਦੀ ਪਛਾਣ ਕਰਨ ਅਤੇ ਮੁਲਾਂਕਣ ਕਰਨ ਅਤੇ ਟਿਕਾਊ ਜੈਵਿਕ ਨਿਯੰਤਰਣ ਰਣਨੀਤੀਆਂ ਵਿਕਸਤ ਕਰਨ ਲਈ ਉਹਨਾਂ ਦੇ ਵਾਤਾਵਰਣਕ ਪਰਸਪਰ ਪ੍ਰਭਾਵ ਨੂੰ ਸਮਝਣ 'ਤੇ ਕੇਂਦ੍ਰਿਤ ਹੋਵੇਗੀ।

ਆਪਣੀ ਐਮ.ਐਸ.ਸੀ. ਦੌਰਾਨ ਇਸ ਵਿਦਿਆਰਥੀ ਨੇ ਡਾ. ਮਨਮੀਤ ਭੁੱਲਰ ਦੀ ਨਿਗਰਾਨੀ ਹੇਠ ਗੰਨੇ ਦੇ ਕੀੜਿਆਂ ਦੇ ਜੀਵ-ਵਿਗਿਆਨ ਬਾਰੇ ਕੰਮ ਕੀਤਾ ਅਤੇ 2024 ਵਿੱਚ ਆਪਣਾ ਡਿਗਰੀ ਪ੍ਰੋਗਰਾਮ ਪੂਰਾ ਕੀਤਾ। ਪੀ ਏ ਯੂ ਦੇ ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ, ਖੇਤੀਬਾੜੀ ਕਾਲਜ ਦੇ ਡੀਨ ਡਾ. ਚਰਨਜੀਤ ਸਿੰਘ ਔਲਖ, ਡੀਨ ਪੀ ਜੀ ਐੱਸ ਅਤੇ ਡਾ. ਵਿਸ਼ਵਜੀਤ ਸਿੰਘ ਹਾਂਸ ਨੇ ਉਸਦੀ ਪ੍ਰਾਪਤੀ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਉਸਦੀ ਨਿਰੰਤਰ ਸਫਲਤਾ ਦੀ ਕਾਮਨਾ ਕੀਤੀ।

## ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਪ੍ਰੇਮ ਪਾਲ ਸਿੰਘ ਇਟਲੀ ਦੇ ਗ਼ਜ਼ਲ ਸੰਗ੍ਰਹਿ ਅਧੂਰੇ ਖ਼ਾਬ ਦਾ ਲੋਕ ਅਰਪਣ ਅਤੇ ਵਿਚਾਰ ਚਰਚਾ


### ਪ੍ਰੋ: ਜਸਪਾਲ ਸਿੰਘ ਅਤੇ ਆਰਤੀ ਬਕਸ਼ੀ ਦੁਆਰਾ ਪੜ੍ਹੇ ਗਏ ਪਰਚੇ ,ਹਾਜ਼ਰ ਕਵੀਆਂ ਵੱਲੋਂ ਕੀਤਾ ਗਿਆ ਕਵਿਤਾ ਪਾਠ



ਫਿਉਰਨਸੌਲਾ – ਇਟਲੀ 24 ਜੁਲਾਈ : ਪਿਛਲੇ ਦਿਨੀਂ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਪ੍ਰਧਾਨ ਮੇਜ਼ਰ ਸਿੰਘ ਖੱਖ ਦੀ ਪ੍ਰਧਾਨਗੀ ਵਿੱਚ ਫਿਉਰਨਸੌਲਾ ਸ਼ਹਿਰ ਵਿੱਚ ਇਟਲੀ ਦੇ ਮੰਨੇ ਪ੍ਰਮੰਨੇ ਪ੍ਰਸਿੱਧ ਗ਼ਜ਼ਲਗੋ ਪ੍ਰੇਮ ਪਾਲ ਸਿੰਘ ਦੇ ਪਲੇਠੇ ਗ਼ਜ਼ਲ ਸੰਗ੍ਰਹਿ "ਅਧੂਰੇ ਖ਼ਾਬ" ਨੂੰ ਲੋਕ ਅਰਪਣ ਕੀਤਾ ਗਿਆ ਅਤੇ ਇਸ ਉੱਪਰ ਸੁਚਾਰੂ ਵਿਚਾਰ ਚਰਚਾ ਵੀ ਕਰਵਾਈ ਗਈ। ਇਸ ਸਮਾਗਮ ਵਿੱਚ ਲੇਖਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਆਰੰਭ ਵਿੱਚ ਮੇਜਰ ਸਿੰਘ ਖੱਖ ਨੇ ਸਭ ਨੂੰ ਜੀ ਆਇਆਂ ਆਖਿਆ। ਗ਼ਜ਼ਲ ਸੰਗ੍ਰਹਿ ਅਧੂਰੇ ਖ਼ਾਬ ਉੱਤੇ ਪ੍ਰੋ:ਜਸਪਾਲ ਸਿੰਘ ਅਤੇ ਆਰਤੀ ਬਕਸ਼ੀ ਆਰੂ ਨੇ ਬਹੁਤ ਹੀ ਮਿਆਰੀ ਪਰਚੇ ਪੜ੍ਹੇ ਅਤੇ ਹਾਜ਼ਰ ਕਲਮਕਾਰਾਂ ਨਾਲ਼ ਵਿਚਾਰ ਚਰਚਾ ਕੀਤੀ। ਸਟੇਜ ਸਕੱਤਰ ਦਲਜਿੰਦਰ ਰਹਿਲ ਵੱਲੋਂ ਸਰਦਾਰ ਬਲਵਿੰਦਰ ਸਿੰਘ ਚਾਹਲ ਯੂ ਕੇ ,ਕੁਲਵਿੰਦਰ ਸਿੰਘ ਬਾਠ ਯੂ ਐਸ ਏ, ਪ੍ਰੋ ਬਲਦੇਵ ਸਿੰਘ ਧਾਲੀਵਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰੋਫੈਸਰ ਦਿਆ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਹਰਮੀਤ ਸਿੰਘ ਅਟਵਾਲ ਜਲੰਧਰ ਵਲੋਂ ਕਿਤਾਬ ਅਧੂਰੇ ਖ਼ਾਬ ਲਈ ਪ੍ਰੇਮ ਪਾਲ ਸਿੰਘ ਨੂੰ ਭੇਜੇ ਵਧਾਈ ਸੰਦੇਸ਼ ਪੜ੍ਹ ਕੇ ਸੁਣਾਏ। ਇਸ ਮੌਕੇ ਅਧੂਰੇ ਖ਼ਾਬ ਤੋਂ ਇਲਾਵਾ ਰਾਜਸਥਾਨ ਤੋਂ ਛੱਪਦੇ ਤਰੈ ਮਾਸਿਕ ਮੈਗਜ਼ੀਨ ਪੈੜਾਂ ਦੇ ਵਿਸ਼ੇਸ਼ ਪਰਵਾਸ ਅੰਕ , ਮੈਗਜ਼ੀਨ ਰਾਗ , ਆਤਮਜੀਤ ਅਤੇ ਪ੍ਰੋ ਗੁਰਭਜਨ ਸਿੰਘ ਗਿੱਲ ਦੁਆਰਾ ਸੰਪਾਦਿਤ ਪੁਸਤਕ "ਪੰਜਾਬੀ ਬੋਲੀ ਰਮਜ਼ਾਂ, ਰੁਕਾਵਟਾਂ ਤੇ ਰਾਹ ਅਤੇ ਡਾ ਐਸ ਪੀ ਸਿੰਘ ਦੀ ਦਿਸ਼ਾ ਨਿਰਦੇਸ਼ ਵਿੱਚ ਡਾ ਮਨਦੀਪ ਕੌਰ ਦੁਆਰਾ ਸੰਪਾਦਿਤ ਪੁਸਤਕ ਗੁਜਰਾਂਵਾਲਾ ਵੀ ਯੂਰਪੀ ਪੰਜਾਬੀ ਪਾਠਕਾਂ ਲਈ ਲੋਕ ਅਰਪਣ ਕੀਤੀਆਂ ਗਈਆਂ।

ਦੂਸਰੇ ਸੈਸ਼ਨ ਵਿੱਚ ਹਾਜ਼ਰ ਕਵੀਆਂ ਵਿੱਚ ਪ੍ਰੇਮ ਪਾਲ ਸਿੰਘ,ਮੇਜਰ ਸਿੰਘ ਖੱਖ, ਪ੍ਰੋ ਜਸਪਾਲ ਸਿੰਘ,ਆਰਤੀ ਬਕਸ਼ੀ ਆਰੂ, ਜੱਸੀ ਬੰਗਾ ,ਜਗਦੀਸ਼ ਸਿੰਘ ਮਹਿਮੀ ,ਜਗਤਾਰ ਸਿੰਘ ਸਹੋਤਾ , ਜਗਰੂਪ ਸਿੰਘ ਭੁੱਲਰ,ਸਿੱਕੀ ਝੱਜੀ ਪਿੰਡ ਵਾਲਾ,ਨਰਿੰਦਰ ਸਿੰਘ ਪੰਨੂ, ਮਨਵੀਰ ਸਿੰਘ ਅਤੇ ਦਲਜਿੰਦਰ ਰਹਿਲ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ, ਗ਼ਜ਼ਲਾਂ ਰਾਹੀਂ ਸਮਾਂ ਬੰਨ੍ਹ ਦਿੱਤਾ। ਅੰਤ ਵਿੱਚ ਪ੍ਰੇਮ ਪਾਲ ਸਿੰਘ ਨੇ ਗ਼ਜ਼ਲ ਸੰਗ੍ਰਹਿ ਤੇ ਹੋਈ ਵਿਚਾਰ ਚਰਚਾ ਤੇ ਤਸੱਲੀ ਪ੍ਰਗਟਾਉਂਦਿਆਂ ਸੱਭ ਦਾ ਧੰਨਵਾਦ ਕੀਤਾ ।

## ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਵਸ ਨੂੰ ਸਮਰਪਿਤ ਆਨਲਾਈਨ ਬਾਲ ਕਵੀ ਦਰਬਾਰ ਕਰਵਾਇਆ




ਮੋਹਾਲੀ 24 ਜੁਲਾਈ : ਸ੍ਰੀ ਸੁੱਖੀ ਬਾਠ ਕੈਨੇਡਾ ਦੁਆਰਾ ਸੰਚਾਲਿਤ ਪ੍ਰਾਜੈਕਟ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਪ੍ਰਾਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਦੀ ਅਗਵਾਈ ਅਧੀਨ ਜ਼ਿਲ੍ਹਾ ਮੋਹਾਲੀ ਦੀ ਟੀਮ ਵੱਲੋਂ ਮਹਾਨ ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਵਸ ਨੂੰ ਸਮਰਪਿਤ ਇੱਕ ਆਨਲਾਈਨ ਬਾਲ ਕਵੀ ਦਰਬਾਰ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਭੀਮ ਸਿੰਘ ਵੱਲੋਂ ਸਾਰੇ ਭਾਗੀਦਾਰਾਂ ਨੂੰ ਜੀ ਆਇਆਂ ਆਖਣ ਨਾਲ ਹੋਈ। ਇਸ ਉਪਰੰਤ ਸਟੇਜ ਸੰਚਾਲਕਾ ਗੁਤਿੰਦਰ ਕੌਰ ਨੇ ਸ਼ਿਵ ਕੁਮਾਰ ਬਟਾਲਵੀ ਦੇ ਜੀਵਨ, ਸਾਹਿਤਕ ਸਿਰਜਣਾ ਅਤੇ ਪੰਜਾਬੀ ਸਾਹਿਤ ਵਿੱਚ ਉਨ੍ਹਾਂ ਦੇ ਵਿਲੱਖਣ ਯੋਗਦਾਨ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ।

ਜ਼ਿਲ੍ਹਾ ਪ੍ਰਧਾਨ ਡਾ. ਸੁਰਿੰਦਰ ਕੁਮਾਰ ਜਿੰਦਲ ਨੇ ਕਵੀ ਦਰਬਾਰ ਵਿੱਚ ਸ਼ਾਮਲ ਬਾਲ ਕਵੀਆਂ, ਸਰੋਤਿਆਂ ਅਤੇ ਮੁੱਖ ਮਹਿਮਾਨ ਡਾ. ਪੀ. ਐੱਲ. ਗਰਗ ਦਾ ਨਿੱਘਾ ਸਵਾਗਤ ਕੀਤਾ।

ਇਸ ਮੌਕੇ ਬਾਲ ਕਵੀ ਮੋਹਪ੍ਰੀਤ ਕੌਰ (ਮੋਗਾ), ਕਾਜਲਪ੍ਰੀਤ ਕੌਰ (ਸੰਗਰੂਰ), ਰੂਹੀ (ਹੁਸ਼ਿਆਰਪੁਰ), ਖੁਸ਼ਮੀਤ ਕੌਰ (ਮੋਹਾਲੀ), ਅਰਵਿੰਦ ਕੁਮਾਰ (ਗੁਰਦਾਸਪੁਰ), ਪ੍ਰਭਜਾਪ ਸਿੰਘ (ਫਿਰੋਜ਼ਪੁਰ), ਰਾਜਵੀਰ ਸਿੰਘ (ਅਮ੍ਰਿਤਸਰ), ਸਿਮਰਨ ਕੌਰ (ਸਮਰਾਲਾ), ਸਰਗੁਨ ਕੌਰ (ਜਗਰਾਉਂ), ਮਨਮੀਤ ਕੌਰ (ਤਰਨਤਾਰਨ), ਸੁਮਨਪ੍ਰੀਤ ਕੌਰ (ਫਤਹਿਗੜ੍ਹ ਸਾਹਿਬ), ਹਰਸ਼ਪ੍ਰੀਤ ਕੌਰ (ਬਰਨਾਲਾ), ਪਲਕ (ਫਾਜ਼ਿਲਕਾ), ਰਾਜਵੀਰ ਕੌਰ (ਬਠਿੰਡਾ), ਸ਼ਹਿਨਾਜ਼ ਕੌਰ (ਮਲੇਰਕੋਟਲਾ), ਇੰਦਰਪ੍ਰੀਤ ਕੌਰ (ਸਬਸ ਨਗਰ), ਗੁਰਨੂਰ ਕੌਰ (ਫਗਵਾੜਾ) ਅਤੇ ਲਖਵਿੰਦਰ ਸਿੰਘ (ਪਟਿਆਲਾ) ਨੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਰਚਨਾਵਾਂ ਪੇਸ਼ ਕੀਤੀਆਂ। ਬਾਲ ਕਵੀਆਂ ਦੀਆਂ ਰਚਨਾਵਾਂ ਨੂੰ ਸਰੋਤਿਆਂ ਵੱਲੋਂ ਭਰਪੂਰ ਪ੍ਰਸ਼ੰਸਾ ਅਤੇ ਹੌਸਲਾ-ਅਫ਼ਜ਼ਾਈ ਮਿਲੀ।

ਇਸ ਮੌਕੇ ਗੁਰਵਿੰਦਰ ਸਿੰਘ ਕਾਂਗੜ, ਬਲਜੀਤ ਸੇਖਾ, ਬਲਜੀਤ ਸ਼ਰਮਾ, ਸਾਹਿਬਾ ਜੀਟਨ ਕੌਰ ਬਾਂਸਲ, ਡਾ. ਨਿਰਮ ਜੋਸਨ, ਅਵਤਾਰ ਸਿੰਘ ਚੋਟੀਆਂ, ਲਖਵੀਰ ਕੌਰ, ਰਜਿੰਦਰ ਕੌਰ, ਡਾ. ਸਤਿੰਦਰ ਕਾਹਲੋਂ, ਰਣਜੀਤ ਕੌਰ ਬਾਜਵਾ, ਡਾ. ਅਮਰਜੋਤੀ ਮਾਂਗਟ, ਰਾਜੇਸ਼ ਭਗਤ, ਰਛਪਾਲ ਸਿੰਘ, ਸੋਨੀਆ ਕਾਮਰਾ, ਸੁਨੀਤਾ ਰਾਣੀ, ਨੀਤਾ ਭਾਟੀਆ, ਬਲਰਾਜ ਸਿੰਘ, ਪ੍ਰਿੰ: ਰਾਜਿੰਦਰ ਕੁਮਾਰ ਅਤੇ ਅੰਜਨਾ ਕੁਮਾਰੀ ਵੀ ਹਾਜ਼ਰ ਸਨ।

ਕੈਨੇਡਾ ਤੋਂ ਇਸ ਪ੍ਰੋਜੈਕਟ ਨਾਲ ਜੁੜੇ ਸੁੱਖੀ ਬਾਠ ਨੇ ਪ੍ਰੋਗਰਾਮ ਨੂੰ ਬੇਹੱਦ ਸਫ਼ਲ ਕਰਾਰ ਦਿੰਦਿਆਂ ਬਾਲ ਕਵੀਆਂ ਦੀ ਸਿਰਜਣਾਤਮਕਤਾ ਅਤੇ ਸਾਹਿਤ ਪ੍ਰਤੀ ਰੁਚੀ ਦੀ ਭਰਪੂਰ ਸ਼ਲਾਘਾ ਕੀਤੀ। ਮੁੱਖ ਮਹਿਮਾਨ ਉੱਘੇ ਚਿੰਤਕ, ਸਮਾਜ ਸੇਵਕ ਅਤੇ ਸਿੱਖਿਆ ਸ਼ਾਸਤਰੀ ਡਾ. ਪੀ. ਐੱਲ. ਗਰਗ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਕਿਹਾ ਕਿ ਜੇਕਰ ਬੱਚਿਆਂ ਨੂੰ ਸ਼ੁਰੂ ਤੋਂ ਹੀ ਸਾਹਿਤ ਨਾਲ ਜੋੜਿਆ ਜਾਵੇ ਤਾਂ ਉਨ੍ਹਾਂ ਦੀ ਸਿਰਜਣਾਤਮਕ ਸੋਚ ਨੂੰ ਸਹੀ ਦਿਸ਼ਾ ਮਿਲਦੀ ਹੈ ਅਤੇ ਭਵਿੱਖ ਵਿੱਚ ਹੋਰ ਵਧੀਆ ਨਤੀਜੇ ਸਾਹਮਣੇ ਆਉਂਦੇ ਹਨ। ਉਨ੍ਹਾਂ ਕਿਹਾ ਕਿ ਮਾਂ-ਬੋਲੀ ਵਿੱਚ ਆਪਣੇ ਵਿਚਾਰ ਪ੍ਰਗਟ ਕਰਨਾ ਵਿਅਕਤੀ ਦੀ ਸੋਚ ਅਤੇ ਸੰਵੇਦਨਸ਼ੀਲਤਾ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕਰਦਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਸੁਰਿੰਦਰ ਕੁਮਾਰ ਜਿੰਦਲ ਨੇ ਇਸ ਸਫ਼ਲ ਆਯੋਜਨ ਲਈ ਸਭ ਦੇ ਸਹਿਯੋਗ ਦੀ ਸ਼ਲਾਘਾ ਕੀਤੀ।

## ਪੀ ਏ ਯੂ ਨੇ ਅਬੋਹਰ ਸਥਿਤ ਫਰਮ ਨਾਲ ਵਰਤੋਂ ਲਈ ਤਿਆਰ ਕਾਂਜੀ ਮਿਸ਼ਰਣ ਦੇ ਵਪਾਰੀਕਰਨ ਵਾਸਤੇ ਸਮਝੌਤਾ ਕੀਤਾ



ਲੁਧਿਆਣਾ 24 ਜੁਲਾਈ : ਪੀ ਏ ਯੂ ਵਲੋਂ ਵਿਕਸਿਤ 'ਵਰਤੋਂ ਲਈ ਤਿਆਰ ਕਾਂਜੀ ਮਿਸ਼ਰਣ' ਦੇ ਵਪਾਰੀਕਰਨ ਲਈ ਪੰਜਾਬ ਦੇ ਅਬੋਹਰ ਸਥਿਤ ਫਰਮ ਸੇਤੀਆਜ਼ ਨਾਲ ਇੱਕ ਸਮਝੌਤਾ ਕੀਤਾ ਹੈ। ਸਮਝੌਤੇ 'ਤੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਅਤੇ ਸ਼੍ਰੀ ਗੀਤ ਸੇਤੀਆ ਨੇ ਆਪਣੇ-ਆਪਣੇ ਸੰਗਠਨਾਂ ਵੱਲੋਂ ਦਸਤਖਤ ਕੀਤੇ। ਡਾ. ਵੀ.ਐਸ. ਸੋਹੂ, ਵਧੀਕ ਨਿਰਦੇਸ਼ਕ ਖੋਜ (ਖੇਤੀਬਾੜੀ ਅਤੇ ਬਾਗਬਾਨੀ), ਡਾ. ਮਹੇਸ਼ ਕੁਮਾਰ, ਵਧੀਕ ਨਿਰਦੇਸ਼ਕ ਖੋਜ (ਖੇਤੀਬਾੜੀ ਇੰਜੀਨੀਅਰਿੰਗ), ਅਪਰ ਨਿਰਦੇਸ਼ਕ ਪਸਾਰ ਸਿੱਖਿਆ ਡਾ ਤਰਸੇਮ ਸਿੰਘ ਢਿੱਲੋਂ ਅਤੇ ਡਾ. ਖੁਸ਼ਦੀਪ ਧਰਨੀ, ਐਸੋਸੀਏਟ ਡਾਇਰੈਕਟਰ, ਤਕਨਾਲੋਜੀ ਮਾਰਕੀਟਿੰਗ ਅਤੇ ਡਾ. ਤਰਸੇਮ ਚੰਦ ਮਿੱਤਲ, ਮੁਖੀ, ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ ਵੀ ਇਸ ਮੌਕੇ ਮੌਜੂਦ ਸਨ। ਡਾ. ਅਜਮੇਰ ਸਿੰਘ ਢੱਟ, ਖੋਜ ਨਿਰਦੇਸ਼ਕ, ਪੀਏਯੂ ਨੇ ਵਿਗਿਆਨੀਆਂ ਦੀ ਟੀਮ ਨੂੰ ਤਕਨਾਲੋਜੀ ਦੇ ਵਪਾਰੀਕਰਨ ਲਈ ਵਧਾਈ ਦਿੱਤੀ।

ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ ਦੇ ਵਿਗਿਆਨੀ ਡਾ. ਪ੍ਰੀਤਇੰਦਰ ਕੌਰ ਨੇ ਦੱਸਿਆ ਕਿ ਪੀ ਏ ਯੂ ਨੇ ਕਾਂਜੀ ਪੀਣ ਵਾਲੇ ਪਦਾਰਥ ਦੀ ਸਾਲ ਭਰ ਉਪਲਬਧਤਾ ਨੂੰ ਵਧਾਉਣ ਅਤੇ ਇਸਦੀ ਸੂਖਮ ਜੀਵ-ਵਿਗਿਆਨਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 'ਪੰਜਾਬ ਬਲੈਕ ਬਿਊਟੀ' ਦੇ ਲੈਕਟਿਕ ਐਸਿਡ ਬੈਕਟੀਰੀਅਲ ਕਲਚਰ ਅਤੇ ਕਾਲੀ ਗਾਜਰ ਪਾਊਡਰ ਦੀ ਵਰਤੋਂ ਕਰਕੇ ਵਰਤੋਂ ਲਈ ਤਿਆਰ ਕਾਂਜੀ ਮਿਸ਼ਰਣ ਵਿਕਸਤ ਕੀਤਾ ਹੈ। ਕਾਲੀ ਗਾਜਰ ਬਾਇਓਐਕਟਿਵ ਮਿਸ਼ਰਣਾਂ ਦਾ ਅਮੀਰ ਸਰੋਤ ਹੈ। ਖ਼ਾਸ ਮੌਸਮ ਦੌਰਾਨ ਉਪਲਬਧਤਾ ਕਾਰਨ ਇਹਨਾਂ ਦੀ ਵਰਤੋਂ ਸੀਮਤ ਰਹਿੰਦੀ ਹੈ। ਫਰਮੈਂਟ ਕੀਤੇ ਕਾਲੀ ਗਾਜਰ ਦੇ ਪੀਣ ਵਾਲੇ ਪਦਾਰਥ ਕਈ ਸਿਹਤ ਲਾਭ ਪ੍ਰਦਾਨ ਕਰਦੇ ਹਨ, ਜਿਸ ਵਿੱਚ ਲੈਕਟੋਜ਼ ਮੈਟਾਬੋਲਿਜ਼ਮ ਵਿੱਚ ਸੁਧਾਰ, ਅੰਤੜੀਆਂ ਦੇ ਇਨਫੈਕਸ਼ਨਾਂ ਦੀ ਰੋਕਥਾਮ, ਰੋਗ ਪ੍ਰਤੀਰੋਧੀ ਸ਼ਕਤੀ ਵਿੱਚ ਵਾਧਾ, ਸੀਰਮ ਕੋਲੈਸਟ੍ਰੋਲ ਦੇ ਪੱਧਰ ਵਿੱਚ ਕਮੀ ਆਦਿ ਸ਼ਾਮਲ ਹੈ। ਇਸ ਤਕਨਾਲੋਜੀ ਦੀ ਵਰਤੋਂ ਕਰਕੇ ਤਿਆਰ ਕੀਤੇ ਗਏ ਸੁੱਕੇ ਕਾਂਜੀ ਮਿਸ਼ਰਣ ਨੂੰ ਆਸਾਨੀ ਨਾਲ ਕੁਦਰਤੀ ਪੀਣ ਵਾਲੇ ਪਦਾਰਥ ਵਜੋਂ ਤਿਆਰ ਕੀਤਾ ਜਾ ਸਕਦਾ ਹੈ। ਡਾ. ਧਰਨੀ ਨੇ ਦੱਸਿਆ ਕਿ ਪੀ ਏ ਯੂ ਨੇ ਤਕਨਾਲੋਜੀਆਂ ਦੇ ਵਪਾਰੀਕਰਨ ਰਾਹੀਂ ਖੋਜ ਨਤੀਜਿਆਂ ਦੇ ਪਸਾਰ ਨੂੰ ਉਤਸ਼ਾਹਿਤ ਕੀਤਾ ਹੈ।

ਵਰਲਡ ਪੰਜਾਬੀ ਟਾਈਮਜ਼ 24 ਜੁਲਾਈ 2026 ਦਿਨ ਸ਼ੁੱਕਰਵਾਰ

## ਅਰਬਨ ਅਸਟੇਟ ਦੀਆਂ ਸੀ.ਐਮ. ਦੀ ਯੋਗਸ਼ਾਲਾ ਕਲਾਸਾਂ ਨੂੰ ਭਰਵਾਂ ਹੁੰਗਾਰਾ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 24 ਜੁਲਾਈ: ਸੀ.ਐਮ. ਦੀ ਯੋਗਸ਼ਾਲਾ ਤਹਿਤ ਅਰਬਨ ਅਸਟੇਟ ਫੇਸ-2 ਅਤੇ ਫੇਸ-3, ਪਟਿਆਲਾ ਵਿਖੇ ਚੱਲ ਰਹੀਆਂ ਮੁਫ਼ਤ ਯੋਗ ਕਲਾਸਾਂ ਨੂੰ ਇਲਾਕਾ ਵਾਸੀਆਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਕਲਾਸਾਂ ਵਿੱਚ ਸ਼ਾਮਲ ਹੋ ਰਹੇ ਲੋਕਾਂ ਨੇ ਦੱਸਿਆ ਕਿ ਨਿਯਮਿਤ ਯੋਗ ਅਭਿਆਸ ਨਾਲ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਾਫ਼ੀ ਲਾਭ ਮਿਲਿਆ ਹੈ।

ਯੋਗ ਇੰਸਟ੍ਰਕਟਰ ਗੁਰਦੀਪ ਸਿੰਘ ਨੇ ਦੱਸਿਆ ਕਿ ਯੋਗ ਸਿਰਫ਼ ਇੱਕ ਕਸਰਤ ਨਹੀਂ, ਸਗੋਂ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸਾਧਨ ਹੈ। ਨਿਯਮਿਤ ਯੋਗ ਨਾਲ ਸਰੀਰ ਤੰਦਰੁਸਤ, ਮਨ ਸ਼ਾਂਤ ਅਤੇ ਜੀਵਨ ਵਿੱਚ ਸਕਾਰਾਤਮਕਤਾ ਆਉਂਦੀ ਹੈ।

ਅਰਬਨ ਅਸਟੇਟ ਫੇਸ-2 ਦੀ ਭਾਗੀਦਾਰ ਨੀਰਜਾ ਮਾਥੁਰ ਨੇ ਦੱਸਿਆ ਕਿ ਯੋਗ ਕਰਨ ਨਾਲ ਉਨ੍ਹਾਂ ਦੀ ਸ਼ੂਗਰ ਕੰਟਰੋਲ ਵਿੱਚ ਆਈ ਹੈ ਅਤੇ ਫਰੋਜ਼ਨ ਸ਼ੋਲਡਰ ਤੇ ਹਾਈ ਬਲੱਡ ਪ੍ਰੈਸ਼ਰ ਵਿੱਚ ਵੀ ਕਾਫ਼ੀ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਤਿੰਨ ਸਾਲਾਂ ਦੇ ਯੋਗ ਅਭਿਆਸ ਨਾਲ ਉਨ੍ਹਾਂ ਦੀਆਂ ਦਵਾਈਆਂ ਦੀ ਗਿਣਤੀ ਵੀ ਕਾਫ਼ੀ ਘੱਟ ਹੋ ਗਈ ਹੈ।

ਇਸੇ ਤਰ੍ਹਾਂ ਅਰਬਨ ਅਸਟੇਟ ਫੇਸ-3 ਦੀ ਆਸ਼ਾ ਰਾਣੀ (73) ਨੇ ਦੱਸਿਆ ਕਿ ਯੋਗ ਨਾਲ ਉਨ੍ਹਾਂ ਨੂੰ ਸਾਇਟਿਕਾ ਅਤੇ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਯੋਗਸ਼ਾਲਾ ਨੇ ਨਾ ਸਿਰਫ਼ ਸਿਹਤ ਸੁਧਾਰੀ ਹੈ, ਸਗੋਂ ਸਮਾਜਿਕ ਤੌਰ 'ਤੇ ਵੀ ਉਨ੍ਹਾਂ ਨੂੰ ਲੋਕਾਂ ਨਾਲ ਜੋੜਿਆ ਹੈ, ਜਿਸ ਨਾਲ ਇਕੱਲੇਪਣ ਅਤੇ ਮਾਨਸਿਕ ਤਣਾਅ ਵਿੱਚ ਕਮੀ ਆਈ ਹੈ।

ਜ਼ਿਲ੍ਹਾ ਕੋਆਰਡੀਨੇਟਰ ਰਮਨਜੀਤ ਕੌਰ ਨੇ ਦੱਸਿਆ ਕਿ ਜਿਹੜੇ ਨਾਗਰਿਕ ਆਪਣੇ ਮੁਹੱਲੇ ਵਿੱਚ ਸੀ.ਐਮ. ਦੀ ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹਨ, ਉਹ 25 ਮੈਂਬਰੀ ਸਮੂਹ ਬਣਾ ਕੇ ਟੋਲ-ਫਰੀ ਨੰਬਰ 76694-00500 'ਤੇ ਮਿਸ ਕਾਲ ਦੇ ਸਕਦੇ ਹਨ ਜਾਂ https://cmdiyogshala.punjab.gov.in 'ਤੇ ਲਾਗਇਨ ਕਰਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

## ਪਿੰਡ ਬੰਮਣਾ ਤੇ ਬਸਤੀ ਬੰਮਣਾ 'ਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਦਸਤਾਵੇਜ਼ੀ ਦਾ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼



ਸਮਾਣਾ , 24 ਜੁਲਾਈ: ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਸਮਾਣਾ ਬਲਾਕ ਦੇ ਪਿੰਡ ਬੰਮਣਾ ਅਤੇ ਬਸਤੀ ਬੰਮਣਾ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਟੀ.ਐਸ.ਯੂ. (ਭੰਗਲ) ਮੰਡਲ ਕੋਟਕਪੂਰਾ ਵੱਲੋਂ ਪੰਜਾਬ ਸਰਕਾਰ ਅਤੇ ਬਿਜਲੀ ਮੈਨੇਜਮੈਂਟ ਖਿਲਾਫ ਧਰਨਾ ਤੇ ਰੋਸ ਮਾਰਚ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 24 ਜੁਲਾਈ : ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ, ਟੀਐੱਸਯੂ ਭੰਗਲ ਅਤੇ ਮੁਲਾਜ਼ਮ ਯੂਨਾਈਟਿਡ ਓਰਗਨਾਈਜੇਸ਼ਨ ਅਤੇ ਹੋਰ ਭਰਾਤਰੀ ਜੱਥੇਬੰਦੀਆ ਵਲੋ ਮੰਡਲ ਦਫ਼ਤਰ ਕੋਟਕਪੂਰਾ ਅਤੇ ਫ਼ਰੀਦਕੋਟ ਅਤੇ ਉਸ ਅਧੀਨ ਆਉਂਦਿਆ ਵੱਖ ਵੱਖ ਸਬਡਿਵੀਜ਼ਨ ਦਫਤਰਾਂ ਦੇ ਮੁਲਾਜਮਾਂ ਵਲੋ ਸਮੂਹਿਕ ਛੁੱਟੀ 21 ਤੋ 26 ਜੁਲਾਈ ਦੇ ਸਬੰਧ ਵਿੱਚ ਮੰਡਲ ਦਫ਼ਤਰ ਕੋਟਕਪੂਰਾ ਵਿਖੇ ਅੱਜ ਧਰਨਾ ਤੇ ਸਹਿਰ ਵਿੱਚ ਰੋਸ ਰੈਲੀ ਕੀਤੀ ਗਈ ਅਤੇ ਸਾਂਝੀ ਏਕਤਾ ਦਾ ਸਬੂਤ ਦਿੱਤਾ ਗਿਆ।

ਇਸ ਧਰਨੇ ਵਿਸ਼ ਪਾਵਰਕੌਮ ਅਤੇ ਠੇਕਾ ਮੁਲਾਜਮ ਯੂਨੀਅਨ ਅਤੇ ਕਿਸਾਨ ਜੱਥੇਬੰਦੀਆਂ ਅਤੇ ਪੈਨਸ਼ਨਰ ਐਸੋਸੀਏਸ਼ਨ ਨੇ ਵੀ ਸ਼ਮੂਲੀਅਤ ਕੀਤੀ ਗਈ। ਸਟੇਜ ਦੀ ਕਾਰਵਾਈ ਜਸਕਰਨ ਸਿੰਘ ਪ੍ਰਧਾਨ ਮੰਡਲ ਕੋਟਕਪੂਰਾ ਟੀਐੱਸਯੂ ਭੰਗਲ ਵਲੋ ਸੰਭਾਲੀ ਗਈ। ਇਸ ਧਰਨੇ ਵਿੱਚ ਇਕਬਾਲ ਸਿੰਘ ਟੀਐੱਸਯੂ ਭੰਗਲ, ਰਾਜਪਾਲ ਸਿੰਘ ਅਤੇ ਰਵੀ ਮਲਿਕ, ਭੰਗਲ,ਬਲਕਰਨ ਸਿੰਘ ਐੱਮਯੂਓ, ਅਮਨਦੀਪ ਸਿੰਘ ਐੱਮ ਯੂ ਓ, ਬਲਦੇਵ ਕੁਮਾਰ ਟੀਐਸਯੂ, ਅਵਤਾਰ ਸਿੰਘ ਪੈਨਸ਼ਨ ਐਸੋਸੀਏਸ਼ਨ, ਲਵਿਸ਼ ਸਿੰਗਲਾ ਐੱਮਐੱਸਯੂ, ਸੁਰਿੰਦਰ ਸਿੰਘ ਪੈਨਸ਼ਨ ਐਸੋਸੀਏਸ਼ਨ, ਸ਼ਮਿੰਦਰ ਸਿੰਘ ਸਬ ਅਰਬਨ ਟੀਐਸਯੂ, ਗੁਰਜਿੰਦਰ ਸਿੰਘ ਐੱਮਐੱਸਯੂ, ਦਰਸ਼ਨ ਬਾਵਾ ਪੈਨਸ਼ਨ ਐਸੋਸੀਏਸ਼ਨ, ਰਸ਼ਪਾਲ ਸਿੰਘ ਟੀਐੱਸਯੂ ਸਾਬਕਾ ਸੂਬਾ ਆਗੂ, ਰਾਮਾਂ ਸ਼ਰਮਾ ਪ੍ਰਧਾਨ ਐੱਮਐੱਸਯੂ ਫ਼ਰੀਦਕੋਟ, ਅਮਰਦੀਪ ਸਿੰਘ ਦੁੱਗਲ ਪੈਨਸ਼ਨ ਐਸੋਸੀਏਸ਼ਨ, ਵਿਕਰਮਜੀਤ ਸਿੰਘ ਸੀਐੱਚਬੀ ਪ੍ਰਧਾਨ, ਕੁਲਦੀਪ ਮੱਤਾ ਜੇ ਈ, ਯਾਦਵਿੰਦਰ ਸਿੰਘ ਟੀਐੱਸਯੂ ਬਰਗਾੜੀ, ਜਸਵਿੰਦਰ ਸਿੰਘ ਸੈਂਟਰਲ ਸਟੋਰ ਕੋਟਕਪੂਰਾ, ਬਲਜਿੰਦਰ ਸਿੰਘ ਕਿਸਾਨ ਆਗੂ, ਹਰਦੇਵ ਸਿੰਘ ਜੇ ਈ, ਆਈ ਟੀ ਆਈ ਐਸੋਸੀਏਸ਼ਨ, ਬਲਵਿੰਦਰ ਸਿੰਘ ਢਿੱਲੋਂ ਸਰਕਲ ਮੀਤ ਪ੍ਰਧਾਨ ਟੀਂਐਸਯੂ ਭੰਗਲ। ਇਸ ਧਰਨੇ ਵਿਚ ਵਿਸ਼ੇਸ਼ ਤੋਰ ਦੇ ਸ਼ਾਮਲ ਅਵਤਾਰ ਸਿੰਘ ਜੈਤੋ ਸੂਬਾ ਜਨਰਲ ਸਕੱਤਰ ਐੱਮਐੱਸਯੂ ਅਤੇ ਜਸਵਿੰਦਰ ਸਿੰਘ ਸੂਬਾ ਆਗੂ ਇੰਪਲਾਈਜ਼ ਫੈਡਰੇਸ਼ਨ, ਭਾਣਾ ਸਿੱਧੂ ਸੂਬਾ ਮੀਤ ਪ੍ਰਧਾਨ ਟੀਐਸਯੂ ਨੇ ਵੀ ਸਟੇਜ ਨੂੰ ਸੰਬੋਧਨ ਕਰਦੇ ਹੋਏ ਆਪਣੇ ਵਿਚਾਰ ਰੱਖੇ ਗਏ।

ਇਸ ਮੌਕੇ ਭਾਣਾ ਸਿੱਧੂ ਸੂਬਾ ਆਗੂ ਵਲੋ ਸਾਰੇ ਸਾਥੀਆ ਦਾ ਸ਼ੁਮੂਲੀਅਤ ਕਰਨ ਤੇ ਧੰਨਵਾਦ ਕੀਤਾ ਗਿਆ ਅਤੇ ਅਗਲੇ ਸੰਘਰਸ਼ ਪ੍ਰੋਗਰਾਮ ਲਈ ਲਾਮਬੰਦ ਹੋਣ ਦੀ ਬੇਨਤੀ ਕੀਤੀ। ਧਰਨੇ ਦੇ ਪ੍ਰੋਗਰਾਮ ਤੋ ਬਾਅਦ ਸਾਰੇ ਜੱਥੇਬੰਦੀਆ ਦੇ ਮੈਂਬਰਾ ਵਲੋ ਕੋਟਕਪੂਰਾ ਮੁਕਤਸਰ ਰੋਡ ਤੇ ਰੈਲੀ ਕੀਤੀ ਗਈ। ਇਸ ਧਰਨੇ ਵਿੱਚ ਬੁਲਾਰਿਆਂ ਵੱਲੋ ਸਰਕਾਰ ਦਿਆ ਮੁਲਾਜ਼ਮ ਮਾਰੂ ਨੀਤੀਆ, ਰੇਗੂਲਰ ਭਰਤੀ ਨਾ ਕਰਨਾ, ਕੱਚੇ ਮੁਲਾਜਮਾਂ ਨੂੰ ਪੱਕਾ ਨਾ ਕਰਨਾ, ਸਮਾਰਟ ਮੀਟਰ ਲਗਾ ਕਿ ਮੀਟਰ ਰੀਡਰਜ਼ ਅਤੇ ਕੈਸ਼ੀਅਰ ਦੀਆ ਅਸਾਮੀਆ ਖਤਮ ਕਰਨ, ਪਾਵਰਕੌਮ ਦੀਆ ਬੇਸ਼ਕੀਮਤਾ ਜਮੀਨਾਂ ਵੇਚਣ, ਬਿਜਲੀ ਨਿਗਮ ਦੇ ਢਾਂਚੇ ਨੂੰ ਮਜ਼ਬੂਤ ਨਾ ਕਰਨ, ਡੀ ਏ ਦਾ ਮੁੱਦਾ, ਪੇਅ ਸਕੇਲ ਦਾ ਮੁੱਦਾ, ਐੱਨਪੀਐੱਸ, ਨਿੱਜੀਕਰਨ ਦੀਆਂ ਨੀਤੀਆ ਅਤੇ ਬਰਾਬਰ ਕੰਮ ਬਰਾਬਰ ਤਨਖਾਹ ਦੀ ਨੀਤੀ ਨਾ ਲਾਗੂ ਕਰਨ ਅਤੇ ਮੁਲਾਜਮਾਂ ਨੂੰ ਆ ਰਹੀਆਂ ਫੀਲਡ ਦੀਆ ਪਰੇਸ਼ਨੀਆ ਨੂੰ ਦੂਰ ਕਰਨ ਦੀ ਥਾਂ ਮੁਲਾਜਮਾਂ ਨੂੰ ਜਬਰਨ ਮੋਬਾਈਲ ਫੋਨ ਦੇਣੇ ਅਤੇ ਤਾਨਾਸ਼ਾਹ ਰਵੀਈਏ ਦੀ ਨਖੇਧੀ ਕੀਤੀ ਗਈ।

## ਦਸਤਾਰ

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਸਿੰਘ ਜਵੰਦਾ



ਢਾਈ ਘੰਟੇ ਦਾ ਹਵਾਈ ਸਫ਼ਰ..ਨਾਲਦੀ ਸੀਟ ਤੇ ਜਰਮਨ ਮੂਲ ਦੀ ਅੱਧਖੜ ਔਰਤ..ਝਕਦੀ ਹੋਈ ਨੇ ਦਸਤਾਰ ਬਾਰੇ ਕਿੰਨੇ ਸਾਰੇ ਸਵਾਲ ਪੁੱਛਣੇ ਆਰੰਭ ਦਿੱਤੇ..!

ਦਸਤਾਰ ਅੰਦਰ ਹੁੰਦਾ ਕੀ ਹੁੰਦਾ..ਤੇਜ ਹਵਾ ਨਾਲ ਉੱਡਦੀ ਤੇ ਨਹੀਂ..ਭਰ ਗਰਮੀਂ ਵਿਚ ਸਿਰ ਨੂੰ ਚੱਕਰ ਤੇ ਨਹੀਂ ਆਉਂਦੇ..ਵਗੈਰਾ ਵਗੈਰਾ!

ਅੱਗਿਓਂ ਨਾਪ ਤੋਲ ਕੇ ਦਿੱਤੇ ਜੁਆਬ..ਛੇਤੀ ਮਗਰੋਂ ਹੀ ਸੌਂ ਗਈ ਪਰ ਮੈਂ ਜਾਗਦਾ ਰਿਹਾ..ਪੂਰੀ ਉਡਾਣ ਦੌਰਾਨ..ਪੁੱਛੇ ਹੋਇਆਂ ਵਿਚੋਂ ਇੱਕ-ਇੱਕ ਦਾ ਆਪਣੇ ਹਿਸਾਬ ਨਾਲ ਵਿਸ਼ਲੇਸ਼ਣ ਕਰਦਾ ਹੋਇਆ..!

ਮਨ ਨੇ ਆਪਮੁਹਾਰੇ ਹੀ ਜੁਆਬ ਦਿੱਤਾ..ਦਸਤਾਰ ਅੰਦਰ ਕਈਆਂ ਦੀ ਆਣ ਬਾਣ ਇੱਜਤ ਮਾਣ..ਸੰਗ ਸ਼ਰਮ ਤੇ ਆਬਰੂ..ਪੁਰਖਿਆਂ ਦੀ ਨਿਸ਼ਾਨੀ..ਪੱਗ ਵੱਟ ਭਰਾਵਾਂ ਦੇ ਕੌਲ ਕਰਾਰ..ਕਈ ਥਾਂ ਕਾਰੋਬਾਰ ਦਾ ਸਾਧਨ ਵੀ..ਕਈਆਂ ਲਈ ਸਿਆਸਤ ਦੀ ਪੌੜੀ..ਕੁਝ ਲਈ ਜੁੰਮੇਵਾਰੀ ਸਰਦਾਰੀ ਦਾ ਇਹਸਾਸ..!

ਨਵੰਬਰ ਚੁਰਾਸੀ ਵੇਲੇ ਦਿੱਲੀ ਦੀਆਂ ਸੜਕਾਂ ਤੇ ਮੌਤ ਦਾ ਪੈਗਾਮ..ਪਰ ਤਾਂ ਵੀ ਕਈਆਂ ਕੇਸਾਂ ਸਵਾਸਾਂ ਸੰਗ ਨਿਭਾਈ..!ਕਈਆਂ ਲਈ ਡੰਗ ਟਪਾਊ ਅਹੁੜ ਪੌੜ..ਨੰਗੇ ਸਿਰ ਪੰਜਾਬ ਉੱਤਰਦਾ ਮੋਦੀ ਅਤੇ ਸ਼ਾਹ..ਫੇਰ ਭਾਸ਼ਣ ਦੇਣ ਵੇਲੇ ਸਿਰ ਤੇ ਸਜਾਈ ਖੱਟੀ ਦਸਤਾਰ..ਕੇਜਰੀਵਾਲ ਸ਼ਾਹਰੁਖ ਖਾਣ ਸੰਨੀ ਦਿਓਲ..ਘੜੀ ਦੀ ਘੜੀ ਸਿਰ ਤੇ ਮਗਰੋਂ ਅਹੁ ਪਈ ਗੱਡੀ ਦੀ ਡਿੱਕੀ ਵਿਚ..ਕੇਸਰੀ ਵਾਲਾ ਅਕਸ਼ੈ ਉਮਰ..ਸਾਰਾਗੜ੍ਹੀ ਦੇ ਸ਼ਹੀਦ ਦਾ ਰੋਲ..ਸ੍ਰੀ ਅਕਾਲ ਤਖ਼ਤ ਸਾਬ ਦੇ ਧਿਆਨ ਹਿੱਤ..ਕੋਈ ਕਾਇਦਾ ਕੋਈ ਕਨੂੰਨ ਜਰੂਰ ਬਣੇ!

ਅਨੰਦ ਸੁਰਜੀਤ ਵਰਗੇ ਕਾਮਰੇਡ..ਘੋੜੇ ਨਾਲ ਦੋਸਤੀ ਦੁੰਮ ਨਾਲ ਵੈਰ..ਸਿਧਾਂਤ ਦੀ ਤਿੱਖੀ ਵਿਰੋਧਤਾ ਪਰ ਦਸਤਾਰ ਪੇਚਾਂ ਵਾਲੀ..ਐਨ ਮਾਇਆ ਲਾ ਕੇ..ਚਾਚਾ ਜੀ ਦੱਸਿਆਂ ਕਰਦਾ ਸੱਤਰ ਬਹੱਤਰ ਵੇਲੇ ਬੇਰਿੰਗ ਕਾਲਿਜ ਗੇਟ ਕੋਲ ਸਾਈਕਲ ਸਟੈਂਡ ਤੇ ਖਲੋਤੀ ਰਹਿੰਦੀ ਢਾਣੀ..ਮੁੰਨੀਆਂ ਹੋਈਆਂ ਲਿਟਾਂ ਪੱਗ ਦੇ ਮਗਰੋਂ ਕੱਢ ਕੇ ਰੱਖਣੀਆਂ..ਦਾਹੜੀ ਮੁੰਨੀ ਪਰ ਮੁੱਛਾਂ ਕੁੰਡੀਆਂ..ਕਿਸੇ ਬੀਬੀ ਨੇ ਸਿਰ ਤੇ ਕੇਸਰੀ ਚੁੰਨੀ ਲਈ ਹੋਣੀ ਤਾਂ ਆਖਣਾ ਕੋਈ ਹੋਰ ਰੰਗ ਦੀ ਲਿਆ ਕਰ..ਪਾਉਣੀ ਵੀ ਗੱਲ ਵਿਚ ਸਿਰ ਤੇ ਨਹੀਂ..ਨਾਲ ਹੀ ਲੈਨਿਨ ਦਾ ਕਿਤਾਬਚਾ ਫੜਾ ਦੇਣਾ..ਇੱਕ ਨੇ ਤਾਂ ਉਚੇਚਾ ਗੁਰੂ ਘਰ ਆਖ ਕੇ ਅਉਣਾ..ਸਪੀਕਰ ਦਾ ਮੂੰਹ ਦੂਜੇ ਬੰਨੇ ਰੱਖਿਆ ਕਰੋ..!

ਕੇ ਪੀ ਗਿੱਲ,ਅਜੀਤ ਸੰਧੂ,ਪੂਹਲਾ,ਗੁਰਮੇਲ ਬਾਈ,ਨਰਿੰਦਰ ਮੱਲੀ,ਸੂਬਾ ਸਰਹੰਦ,ਮਾਨੋਚਾਹਲ ਇੰਸਪੈਕਟਰ,ਤੇਗ ਬਹਾਦੁਰ,ਬੂਟਾ ਸਿੰਘ ਗ੍ਰਹਿ ਮੰਤਰੀ,ਸੁਰਜੀਤ ਬਰਨਾਲਾ ਹਰਚੰਦ..ਸੁਖਵਿੰਦਰ ਸਿੰਘ ਇੰਸਪੈਕਟਰ..ਅਜਾਇਬ ਸਿੰਘ..ਦਿਮਾਗ ਚੱਕਰ ਖਾ ਜਾਂਦਾ..ਕਿੰਨਾ ਸੌਖਾ ਬਾਹਰੀ ਤੌਰ ਤੇ ਸਿੱਖ ਬਣਨਾ..!

ਬਟਾਲੇ ਸਿਵਲ ਹਸਪਤਾਲ ਸਾਮਣੇ ਦਵਾਈਆਂ ਦੀ ਦੁਕਾਨ ਤੇ ਕੰਮ ਕਰਦਾ ਵਿਕਰਮ ਚੰਦ..ਚਕਰੀ ਬਾਜ਼ਾਰ ਵਿਚੋਂ ਹਰ ਨਿੱਕਲਦੇ ਵੜਦੇ ਤੇ ਨਜਰ..ਫੇਰ ਮਹਿਕਮੇਂ ਚ ਭਰਤੀ ਕਰ ਲਿਆ ਗਿਆ..ਦਸਤਾਰ ਸਜਾਉਣੀ ਆਰੰਭ ਦਿੱਤੀ..ਫੇਰ ਦਸਾਂ ਬਾਰਾਂ ਸਾਲਾਂ ਵਿਚ ਡੀ.ਐੱਸ.ਪੀ..ਕੈਸਾ ਨਿਜ਼ਾਮ ਹੈ ਇਸ ਮੁਲਖ ਦਾ..ਇਨਸਾਨੀ ਖੂਨ ਦੀ ਥੋਕ ਦੇ ਭਾਅ ਤਿਜਾਰਤ..ਫੇਰ ਸੱਤੇ ਖੈਰਾਂ..!

ਸੰਤ ਬਾਬਾ ਜਰਨੈਲ ਸਿੰਘ ਜੀ ਦਾ ਵੱਡਾ ਭਾਈ..ਜੰਗੀਰ ਸਿੰਘ..ਛੇ ਜੂਨ ਨੂੰ ਸ਼ਹੀਦ ਹੋਣ ਤੋਂ ਪਹਿਲਾ ਨਵੀਂ ਸਜਾਈ ਦਸਤਾਰ..ਅਖੇ ਜੰਞੇ ਚੜਣਾ..ਸਰਬਾਲਾ ਬਣਨਾ..ਫੇਰ ਬਾਲਟੀ ਨਾਲ ਸਿਰ ਢੱਕ ਲਿਆ..ਗੋਲੀ ਵੱਜੀ ਤੇ ਜਿਉਣ ਜੋਗੀ ਢੱਠ ਹੀ ਨਾ ਜਾਵੇ..ਬਾਬੇ ਨੇ ਕਦੇ ਸ਼ੀਸ਼ੇ ਅੱਗੇ ਨਹੀਂ ਸੀ ਬੰਨੀ..ਤਾਂ ਵੀ ਏਨੀ ਰੋਹਬਦਾਰ..ਜੁੰਮੇਵਾਰੀ ਨਾਲ ਲਬਰੇਜ!

ਦਸਤਾਰ ਇੱਕ ਸੂਖਮ ਇਹਸਾਸ..ਇੱਕ ਚਾਅ..ਇੱਕ ਨਿਸ਼ਾਨੀ..ਇੱਕ ਵੰਗਾਰ ਇੱਕ ਵਿਲੱਖਣਤਾ ਇੱਕ ਅਤੀਤ ਇੱਕ ਇਤਿਹਾਸ ਇੱਕ ਭਾਵਨਾ ਜਜਬਾ ਜਾਬਤਾ ਅਤੇ ਡਿਸਿਪਲਿਨ..ਬੰਧਣ..ਗਲਤ ਪਾਸੇ ਜਾਂਦੇ ਕਦਮਾਂ ਨੂੰ ਰੋਕਦੀ ਹੋਈ ਦਸਮ ਪਿਤਾ ਦੀ ਹੂਕ..ਅਵਾਜ..ਇੱਕ ਸੱਦਾ ਇੱਕ ਗੁਹਾਰ..ਸਿੱਖਾ ਗਲਤੀ ਤੇਰੀ ਕੱਲੀ ਦਸਤਾਰ ਨੇ ਕਰਨੀ..ਨਮੋਸ਼ੀ ਹਜਾਰਾਂ ਦਸਤਾਰਾਂ ਨੂੰ ਸਹਿਣੀ ਪੈਣੀ..!

ਬੀਬੀ ਕੁਲਵਿੰਦਰ ਕੌਰ ਧਰਮ ਪਤਨੀ ਭਾਈ ਹਰਜੀਤ ਸਿੰਘ ਖੋਜਕੀਪੁਰ..ਫਰਵਰੀ ਤ੍ਰਿਨਵੇਂ ਵੇਲੇ ਤਰਨਤਾਰਨ ਸੀ.ਆਈ.ਏ ਸਟਾਫ ਵਿਚ ਬੰਦ..ਇੱਕ ਦਿਨ ਉੱਚੇ ਲੰਮੇ ਸਿੰਘ ਦੀ ਮਿਰਤਕ ਦੇਹ ਲਿਆ ਜ਼ੋਰ ਨਾਲ ਭੋਏਂ ਤੇ ਪਟਕਾ ਮਾਰੀ..ਦਸਤਾਰ ਲਹਿ ਗਈ..ਮੈਂ ਸਭਿਆਰੀ ਕੋਲ ਗਈ..ਨਹੀਂ ਸੀ ਪਤਾ ਕੇ ਬਾਬਾ ਮਾਨੋਚਾਹਲ ਏ..ਡਿੱਗੀ ਹੋਈ ਫੇਰ ਤੋਂ ਸਿਰ ਤੇ ਟਿਕਾ ਦਿੱਤੀ..ਖ਼ੁਬੀ ਰਾਮ ਨਾਮ ਦਾ ਅਫਸਰ..ਜ਼ੋਰ ਦੀ ਲੱਤ ਮਾਰੀ..ਦੂਰ ਸੁੱਟ ਦਿਤਾ ਅਖੇ ਤੇਰਾ ਖਸਮ ਲੱਗਤਾ ਹੈ..ਜੋ ਇਤਨਾ ਪਿਆਰ ਸੇ ਸਜਾ ਰਹੀ ਏ..ਮਗਰੋਂ ਸੂਬਾ ਸਰਹੰਦ ਆਇਆ..ਚੇਹਰੇ ਤੇ ਲੋਹੜੇ ਦਾ ਚਾਅ..ਪ੍ਰਾਪਤੀ ਦੀ ਅਥਾਹ ਖੁਸ਼ੀ ਸਾਂਭੀ ਨਾ ਜਾਵੇ..ਫੇਰ ਜੁੱਤੀ ਹੇਠ ਦੇ ਕੇ ਸਿਰ ਸਣੇ ਦਸਤਾਰ ਉਤਾਂਹ ਨੂੰ ਚੁੱਕ ਲਿਆ..ਹਵਾਲਾਤ ਵਿਚ ਬੰਦ ਕੀਤੇ ਸਿੰਘਾਂ ਵੱਲ ਕਰ ਟਿੱਚਰ ਕੀਤੀ ਆਹ ਵੇਖੋ ਓਏ ਤੁਹਾਡਾ ਜਰਨੈਲ..!

ਮੀਡਿਆ ਵੱਲੋਂ ਬਣਾ ਦਿੱਤਾ ਗਿਆ ਖੂੰਖਾਰ ਅਸਲ ਵਿਚ ਸਭ ਤੋਂ ਵੱਧ ਜਾਬਤੇ ਵਾਲਾ ਸਿੰਘ ਸੀ..ਕੋਈ ਵੇਲਾ ਸੀ..ਬੇਇੱਜਤ ਵੀ ਅਸੂਲਾਂ ਵਾਲੇ ਦਾਇਰੇ ਅੰਦਰ ਰਹਿ ਕੇ ਹੀ ਕੀਤਾ ਜਾਂਦਾ..!

ਮੇਰਾ ਦੁਸ਼ਮਣ ਮੇਰੇ ਅਸੂਲੋਂ ਸੇ ਵਾਕਿਫ ਹੈ..ਕਹੀਂ ਜਾਣਾ ਹੋ ਤੋ ਬੱਚੇ ਮੇਰੇ ਯਹਾਂ ਹੀ ਛੋੜ ਜਾਤਾ ਹੈ..!

ਇਹੀ ਭਾਣਾ ਭਾਈ ਗੁਰਦੇਵ ਸਿੰਘ ਕਾਉਂਕੇ ਵੇਲੇ ਵੀ..ਪੋਹ ਮਹੀਨੇ ਦੀ ਅੰਤਾਂ ਦੀ ਠੰਡ..ਖੁੱਲੇ ਆਸਮਾਨ ਹੇਠ ਪਏ ਨਿਰਵਸਤਰ ਸਰੀਰ ਤੇ ਅੰਨਾ ਤਸ਼ੱਦਤ..ਅੰਦਰੋਂ ਲਹੂ ਚੱਲ ਪਿਆ ਤਾਂ ਘੋਟਣੇ ਟਿਚਕਰ ਕੀਤੀ ਓਏ ਤੁਹਾਡੇ ਜਥੇਦਾਰ ਦਾ ਮੂਤ ਨਿੱਕਲ ਗਿਆ!

ਕੁਝ ਅੱਖਰ ਫੋਟੋ ਤੇ..ਇੱਕ ਬਦਨਾਮ ਟਾਰਚਰ ਸੈਂਟਰ ਦੇ ਬਾਹਰ ਬੈਠੇ ਸਿੰਘਾਂ ਦੇ ਵਾਰਸਾਂ ਨੂੰ ਅਕਸਰ ਹੀ ਓਹਲੇ ਜਿਹੇ ਨਾਲ ਪਾਣੀ ਧਾਣੀ ਰੋਟੀ ਟੁੱਕ ਪੁੱਛ ਲੈਂਦਾ ਇੱਕ ਐੱਸ.ਪੀ.ਓ ਜਦੋਂ ਗਾਇਬ ਕਰ ਦਿੱਤਾ ਗਿਆ ਤਾਂ ਲੱਭਣ ਆਏ ਵਾਰਸਾਂ ਨੂੰ ਦਸਤਾਰਧਾਰੀ ਅਫਸਰ ਆਖਣ ਲੱਗਾ ਅੱਤਵਾਦੀਆਂ ਦੀ ਅੱਗੇ ਅਗੇ ਹੋ ਕੇ ਕੀਤੀ ਸੇਵਾ ਹੀ ਉਸਦੇ ਹੱਡਾਂ ਵਿਚ ਬੈਠ ਗਈ..ਹੁਣ ਪਾ ਦਿਓ ਭੋਗ..ਫੁੱਲ ਮਹਿਕਮੇਂ ਨੇ ਤਾਰ ਦਿੱਤੇ!

ਹੱਸਣ ਤੇ ਰੌਣ ਚ ਫ਼ਰਕ ਹੁੰਦਾ..ਜਾਗਣ ਤੇ ਸੌਣ ਚ ਫ਼ਰਕ ਹੁੰਦਾ..ਉੱਤੋਂ ਉੱਤੋਂ ਬੜਾ ਕੁਝ ਲੱਗਦਾ..ਪਰ ਲੱਗਣ ਤੇ ਹੋਣ ਚ ਫ਼ਰਕ ਹੁੰਦਾ..!

## ਫਸਲੀ ਮਸ਼ੀਨਾਂ 'ਤੇ ਸਬਸਿਡੀ ਲਈ ਅਰਜ਼ੀਆਂ 3 ਅਗਸਤ ਤੱਕ: ਮੁੱਖ ਖੇਤੀਬਾੜੀ ਅਫਸਰ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 24 ਜੁਲਾਈ: ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ 'ਤੇ ਸਬਸਿਡੀ ਦੇਣ ਦੀ ਪ੍ਰਕਿਰਿਆ ਮੁੜ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ, ਪਟਿਆਲਾ ਡਾ. ਦਾਰਾ ਸਿੰਘ ਨੇ ਦੱਸਿਆ ਕਿ ਕਿਸਾਨ ਵਿਭਾਗ ਦੇ ਪੋਰਟਲ ਰਾਹੀਂ 3 ਅਗਸਤ, 2026 ਸ਼ਾਮ 5:00 ਵਜੇ ਤੱਕ ਆਨਲਾਈਨ ਅਰਜ਼ੀਆਂ ਦੇ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਨਿੱਜੀ ਕਿਸਾਨਾਂ ਨੂੰ ਸਕੀਮ ਦੀਆਂ ਗਾਈਡਲਾਈਨਾਂ ਅਨੁਸਾਰ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ 'ਤੇ 50 ਫ਼ੀਸਦੀ ਸਬਸਿਡੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕਸਟਮ ਹਾਇਰਿੰਗ ਸੈਂਟਰ (ਸੀ.ਐਚ.ਸੀ.) ਅਤੇ ਪੈਡੀ ਸਪਲਾਈ ਚੇਨ ਸੈਂਟਰ (ਪੀ.ਐੱਸ.ਸੀ.) ਸਥਾਪਤ ਕਰਨ ਲਈ ਕੇਵਲ ਸੋਸਾਇਟੀਆਂ ਨੂੰ ਹੀ ਸਬਸਿਡੀ ਦਾ ਲਾਭ ਮਿਲੇਗਾ।

ਡਾ. ਦਾਰਾ ਸਿੰਘ ਨੇ ਦੱਸਿਆ ਕਿ ਇਸ ਸਕੀਮ ਅਧੀਨ ਸੁਪਰ ਸੀਡਰ, ਹੈਪੀ ਸੀਡਰ, ਸਮਾਰਟ ਸੀਡਰ, ਸੁਪਰ ਐਸ.ਐਮ.ਐਸ., ਜ਼ੀਰੋ ਟਿੱਲ ਡਰਿੱਲ, ਬੇਲਰ, ਰੇਕ, ਮਲਚਰ, ਉਲਟਾਵਾਂ ਪਲਾਓ ਅਤੇ ਮਲਟੀ ਕਰਾਪ ਸੁਪਰ ਸੀਡਰ ਸਮੇਤ ਕਈ ਆਧੁਨਿਕ ਖੇਤੀ ਮਸ਼ੀਨਾਂ 'ਤੇ ਸਬਸਿਡੀ ਉਪਲਬਧ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀ ਬਜਾਏ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕਰਕੇ ਇਸ ਦਾ ਵਿਗਿਆਨਕ ਢੰਗ ਨਾਲ ਪ੍ਰਬੰਧਨ ਕਰਨ, ਤਾਂ ਜੋ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਦੇ ਨਾਲ-ਨਾਲ ਲਾਹੇਵੰਦ ਜੀਵ-ਜੰਤੂਆਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਦੱਸਿਆ ਕਿ ਪੋਰਟਲ 'ਤੇ ਅਪਲਾਈ ਕਰਨ ਦੌਰਾਨ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਣ 'ਤੇ ਕਿਸਾਨ ਆਪਣੇ ਸਬੰਧਤ ਬਲਾਕ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਬਲਾਕ ਪਟਿਆਲਾ ਲਈ ਡਾ. ਗੁਰਮੀਤ ਸਿੰਘ (97791-60950), ਬਲਾਕ ਨਾਭਾ ਲਈ ਡਾ. ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਭੁਨਰਹੇੜੀ ਲਈ ਡਾ. ਮਨਦੀਪ ਸਿੰਘ (70092-27488), ਬਲਾਕ ਸਮਾਣਾ ਲਈ ਡਾ. ਸਤੀਸ਼ ਕੁਮਾਰ (97589-00047), ਬਲਾਕ ਰਾਜਪੁਰਾ ਲਈ ਡਾ. ਜੁਪਿੰਦਰ ਸਿੰਘ ਪੰਨੂੰ (73070-59201) ਅਤੇ ਬਲਾਕ ਘਨੌਰ ਲਈ ਡਾ. ਰਣਜੋਧ ਸਿੰਘ (99883-12299) ਨਾਲ ਸੰਪਰਕ ਕੀਤਾ ਜਾ ਸਕਦਾ ਹੈ।